# ਅਸੀਂ ਕੌਣ ਹਾਂ

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) 1935 ਵਿੱਚ ਬਣਾਈ ਗਈ ਇੱਕ ਸੁਤੰਤਰ ਫ਼ੈਡਰਲ ਏਜੰਸੀ ਹੈ ਅਤੇ ਇਸ ਵਿੱਚ ਮੁਲਾਜ਼ਮਾਂ ਦੇ ਸੰਗਠਿਤ ਹੋਣ, ਕੰਮ ਕਰਨ ਦੀਆਂ ਬਿਹਤਰ ਸਥਿਤੀਆਂ ਦੀ ਮੰਗ ਕਰਨ ਲਈ ਇੱਕ ਦੂਜੇ ਨਾਲ ਜੁੜਨ, ਉਹਨਾਂ ਦੀ ਤਰਫੋਂ ਉਹਨਾਂ ਦੇ ਮਾਲਕ ਨਾਲ ਸਮੂਹਕ ਸੌਦੇਬਾਜ਼ੀ ਬਾਰੇ ਨੁਮਾਇੰਦਾ ਗੱਲਬਾਤ ਕਰਨ ਜਾਂ ਨਾ ਕਰਨ ਦੀ ਚੋਣ ਕਰਨ ਜਾਂ ਅਜਿਹਾ ਕਰਨ ਤੋਂ ਬਚਣ ਦੇ ਹੱਕਾਂ ਦੀ ਰਾਖੀ ਕਰਨ ਦਾ ਹੱਕ ਦਿੱਤਾ ਗਿਆ ਹੈ। NLRB ਨਿਜੀ ਖੇਤਰ ਦੇ ਮਾਲਕਾਂ ਅਤੇ ਯੂਨੀਅਨਾਂ ਵਲੋਂ ਕੀਤੇ ਗਏ ਅਣਉਚਿਤ ਕਿਰਤ ਵਿਹਾਰਾਂ ਨੂੰ ਰੋਕਣ ਅਤੇ ਨਜਿੱਠਣ ਲਈ ਵੀ ਕੰਮ ਕਰਦਾ ਹੈ, ਅਤੇ ਨਾਲ ਹੀ ਯੂਨੀਅਨ ਦੀ ਨੁਮਾਇੰਦਗੀ ਲਈ ਗੁਪਤ-ਵੋਟ-ਪਰਚੀ ਨਾਲ ਚੋਣਾਂ ਕਰਾਉਂਦਾ ਹੈ। NLRB ਦੋ ਹਿੱਸਿਆਂ ਵਿੱਚ ਵੰਡੀ ਇੱਕ ਏਜੰਸੀ ਹੈ, ਜੋ ਇੱਕ ਪਾਸੇ ਪੰਜ-ਵਿਅਕਤੀਆਂ ਦੇ ਬੋਰਡ ਵਲੋਂ ਅਤੇ ਦੂਜੇ ਪਾਸੇ ਇੱਕ ਜਨਰਲ ਕੌਂਸਲ ਵਲੋਂ ਕੰਟਰੋਲ ਕੀਤੀ ਜਾਂਦੀ ਹੈ। ਸੈਨੇਟ ਦੀ ਰਜ਼ਾਮੰਦੀ ਨਾਲ ਪ੍ਰੈਜ਼ੀਡੈਂਟ ਵਲੋਂ ਬੋਰਡ ਦੇ ਮੈਂਬਰ ਅਤੇ ਜਨਰਲ ਕੌਂਸਲ ਨਿਯੁਕਤ ਕੀਤੇ ਜਾਂਦੇ ਹਨ। ਸੋਧੇ ਗਏ ਅਨੁਸਾਰ, 1935 ਨੈਸ਼ਨਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ਤਹਿਤ ਏਜੰਸੀ ਦੀਆਂ ਜ਼ਿੰਮੇਵਾਰੀਆਂ ਅਤੇ ਕੰਮ, ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ ਅਤੇ ਇਸ ਦੇ ਜਨਰਲ ਕੌਂਸਲ ਵਲੋਂ ਕੀਤੇ ਜਾਂਦੇ ਹਨ, ਜੋ ਕਿ ਕਾਨੂੰਨ ਹੇਠ ਸੁਤੰਤਰ ਅਫ਼ਸਰ ਤੋਂ ਅਲਾਵਾ, ਬੋਰਡ ਦੀ ਨੁਮਾਇੰਦਗੀ ਰਾਹੀਂ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹਨ।

---

## ਬੋਰਡ

ਬੋਰਡ ਵਿੱਚ ਪੰਜ ਮੈਂਬਰ ਹਨ ਅਤੇ ਮੁੱਖ ਤੌਰ 'ਤੇ ਪ੍ਰਬੰਧਕੀ ਕਾਰਵਾਈਆਂ ਵਿੱਚ ਰਸਮੀ ਰਿਕਾਰਡਾਂ ਦੇ ਅਧਾਰ 'ਤੇ ਕੇਸਾਂ ਦਾ ਫੈਸਲਾ ਕਰਨ ਵਿੱਚ ਇਹ ਇੱਕ ਨੀਮ-ਅਦਾਲਤੀ ਸੰਸਥਾ ਵਜੋਂ ਕੰਮ ਕਰਦਾ ਹੈ। ਸੈਨੇਟ ਦੀ ਸਹਿਮਤੀ ਨਾਲ ਪ੍ਰੈਜ਼ੀਡੈਂਟ ਵਲੋਂ ਬੋਰਡ ਦੇ ਮੈਂਬਰਾਂ ਦੀ ਨਿਯੁਕਤੀ 5-ਸਾਲਾਂ ਦੀ ਮਿਆਦ ਲਈ ਕੀਤੀ ਜਾਂਦੀ ਹੈ, ਇੱਕ ਮੈਂਬਰ ਦੀ ਮਿਆਦ ਹਰ ਸਾਲ ਖਤਮ ਹੁੰਦੀ ਹੈ।

## ਜੱਜਾਂ ਦੀ ਵੰਡ

NLRB ਦੇ ਪ੍ਰਬੰਧਕੀ ਕਾਨੂੰਨ ਬਾਰੇ ਜੱਜ ਵਾਸ਼ਿੰਗਟਨ, ਨਿਊਯਾਰਕ, ਅਤੇ ਸੈਨ ਫਰਾਂਸਿਸਕੋ ਵਿੱਚ ਦਫਤਰਾਂ ਰਾਹੀਂ ਕੰਮ ਕਰਦਿਆਂ, ਦੇਸ਼ ਭਰ ਵਿੱਚ ਅਣਉਚਿਤ ਕਿਰਤ ਵਿਹਾਰ ਦੇ ਕੇਸਾਂ ਦਾ ਸਾਰ ਬਣਾਉਂਦੇ ਹਨ, ਸੁਣਵਾਈ ਕਰਦੇ ਹਨ, ਨਿਪਟਾਰਾ ਕਰਦੇ ਹਨ ਅਤੇ ਫੈਸਲਾ ਕਰਦੇ ਹਨ।

## ਜਨਰਲ ਕੌਂਸਲ

4-ਸਾਲਾਂ ਦੀ ਮਿਆਦ ਲਈ ਪ੍ਰੈਜ਼ੀਡੈਂਟ ਵਲੋਂ ਨਿਯੁਕਤ ਜਨਰਲ ਕੌਂਸਲ, ਬੋਰਡ ਤੋਂ ਸੁਤੰਤਰ ਹੈ ਅਤੇ ਅਣਉਚਿਤ ਕਿਰਤ ਵਿਹਾਰ ਦੇ ਮਾਮਲਿਆਂ ਦੀ ਜਾਂਚ ਕਰਨ ਅਤੇ ਮੁਕੱਦਮਾ ਚਲਾਉਣ ਅਤੇ ਕੇਸਾਂ ਦੀ ਕਾਰਵਾਈ ਵਿੱਚ NLRB ਦੇ ਫ਼ੀਲਡ ਦਫਤਰਾਂ ਦੀ ਆਮ ਨਿਗਰਾਨੀ ਲਈ ਜ਼ਿੰਮੇਵਾਰ ਹੈ।

## ਇੰਸਪੈਕਟਰ ਜਨਰਲ

ਇੰਸਪੈਕਟਰ ਜਨਰਲ ਦੇ ਦਫ਼ਤਰ ਬਾਰੇ ਹੋਰ ਜਾਣੋ

## ਸਾਡਾ ਇਤਿਹਾਸ

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ ਨੂੰ ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ਲਾਗੂ ਕਰਨ ਦੇ ਆਪਣੇ ਇਤਿਹਾਸ 'ਤੇ ਮਾਣ ਹੈ। ਵੱਡੀ ਮੰਦੀ (ਗ੍ਰੇਟ ਡਿਪਰੈਸ਼ਨ) ਵਿੱਚ ਸ਼ੁਰੂ ਹੋਕੇ ਅਤੇ ਦੂਜੇ ਵਿਸ਼ਵ ਯੁੱਧ ਅਤੇ ਆਰਥਿਕ ਵਿਕਾਸ ਅਤੇ ਇਸ ਤੋਂ ਬਾਅਦ ਆਉਣ ਵਾਲੀਆਂ ਚੁਣੌਤੀਆਂ ਦੌਰਾਨ ਜਾਰੀ ਰੱਖਦਿਆਂ, ਜੇ NLRB ਅਜਿਹਾ ਕਰਨ ਦੀ ਚੋਣ ਕਰਦਾ ਹੈ, ਤਾਂ ਉਸਨੇ ਸਮੂਹਕ ਤੌਰ 'ਤੇ ਸੌਦੇਬਾਜ਼ੀ ਕਰਨ ਦੇ ਹੱਕਾਂ ਦੀ ਗਰੰਟੀ ਦੇਣ ਲਈ ਕੰਮ ਕੀਤਾ ਹੈ।

## ਸੰਸਥਾ ਬਾਰੇ ਚਾਰਟ (ਕੰਪਨੀ ਦੀ ਅੰਦਰੂਨੀ ਬਣਤਰ ਬਾਰੇ ਚਾਰਟ)

NLRB ਸੰਸਥਾ ਬਾਰੇ ਚਾਰਟ

## NLRB ਟੀਮ ਵਿੱਚ ਸ਼ਾਮਲ ਹੋਵੋ

## ਖ਼ਰੀਦੀ ਜਾਂ ਹਾਸਿਲ ਕੀਤੀ ਗਈ ਕੋਈ ਜਾਇਦਾਦ ਜਾਂ ਵਸਤਾਂ

ਜਾਣ-ਪਛਾਣ ਇਹ ਜਾਣਕਾਰੀ ਉਹਨਾਂ ਕਾਰੋਬਾਰਾਂ ਦੀ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ, ਜੋ ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) ਨੂੰ ਆਪਣੇ ਉਤਪਾਦ ਅਤੇ ਸੇਵਾਵਾਂ ਵੇਚਣ ਵਿੱਚ ਦਿਲਚਸਪੀ ਰੱਖਦੇ ਹਨ। ਇਹ ਜਾਣਕਾਰੀ ਸ਼ੀਟ ਆਮ ਤੌਰ 'ਤੇ NLRB ਵਲੋਂ ਕੀਤੀ ਜਾਣ ਵਾਲੀ ਖਰੀਦ 'ਤੇ ਲਾਗੂ ਹੁੰਦੀਆਂ ਖਰੀਦ ਸਬੰਧੀ ਕਾਰਵਾਈਆਂ ਅਤੇ ਪਾੱਲਿਸੀਆਂ ਬਾਰੇ ਦੱਸਦੀ ਹੈ। ਇਹ ਦਸਤਾਵੇਜ਼ ਵਿਆਪਕ ਤੌਰ 'ਤੇ ਖਰੀਦੀਆਂ ਗਈਆਂ ਵਸਤਾਂ ਦੀਆਂ ਕਿਸਮਾਂ, ਉਹਨਾਂ ਨੂੰ ਕੌਣ ਖਰੀਦਦਾ ਹੈ ਅਤੇ ਉਹਨਾਂ ਨੂੰ ਕਿੱਥੋਂ ਖਰੀਦਿਆ ਜਾਂਦਾ ਹੈ, ਦੀ ਵਿਆਖਿਆ ਕਰਦਾ ਹੈ। ਇਹ ਜਾਣਕਾਕੀ ਵਿਸ਼ੇਸ਼ ਤੌਰ 'ਤੇ ਛੋਟੇ, ਵਾਂਝੇ, ਸਰਵਿਸ ਕਰਦਿਆਂ ਅਸਮਰੱਥ ਸਾਬਕਾ ਫ਼ੌਜੀਆਂ ਦੀ ਮਾਲਕੀ ਵਾਲੇ ਛੋਟੇ ਕਾਰੋਬਾਰ, ਅਤੇ ਔਰਤਾਂ ਦੀ ਮਾਲਕੀ ਵਾਲੇ ਕਾਰੋਬਾਰ ਵੀ ਸ਼ਾਮਲ ਹਨ, ਲਈ ਹੈ।